# ਖ਼ੁਲਾਸਾ ਖ਼ੁਤਬਾ ਜੁਮੱਾ 15.08.2014

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਰੱਬ ਦੇ ਭੇਜੇ ਹੋਏ ਨਾਲ ਸ਼ਾਮਲ ਹੋਣ ਵਾਲੇ ਹਰ ਪ੍ਰਕਾਰ ਦੀ ਕੁਰਬਾਨੀ ਲਈ ਤਿਆਰ ਹੋ ਜਾਂਦੇ ਹਨ ਅਤੇ ਅੱਜ ਵੀ ਸੈਂਕੜੇ ਹਜ਼ਾਰਾਂ ਹੀ ਅਜਿਹੇ ਹਨ ਜੋ ਕੁਰਬਾਨੀਆਂ ਦਿੰਦੇ ਹਨ । ਭਾਵਨਾਵਾਂ ਦੀ ਕੁਰਬਾਨੀ ਹੈ, ਮਾਲ ਦੀ ਕੁਰਬਾਨੀ ਹੈ ਰਿਸ਼ਤੇ ਨਾਤਿਆਂ ਦੀ ਕੁਰਬਾਨੀ ਹੈ । ਇਹ ਸਾਰੀਆਂ ਕੁਰਬਾਨੀਆਂ ਖ਼ੁਸ਼ੀ ਨਾਲ ਦੇ ਰਹੇ ਹਨ ਅਤੇ ਕਈ ਥਾਵਾਂ'ਤੇ ਜਾਨ ਦੀ ਕੁਰਬਾਨੀ ਵੀ ਦੇ ਰਹੇ ਹਨ ਕਿਉਂਕਿ ਉਹ ਜਾਣਦੇ ਹਨ ਕਿ ਉਹਨਾਂ ਦੀ ਕੁਰਬਾਨੀ ਅਜਾਈਂ ਨਹੀਂ ਜਾਵੇਗੀ**

**ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ 15 ਅਗਸਤ 2014 ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।**

ਤਸ਼ਹੁੱਦ, ਤਉਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਸਯੱਦਨਾ ਹਜ਼ੂਰ ਅਨਵਰ ਅਯੱਦਾਹੁੱਲਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਲਾਹ ਤਆਲਾ ਕੁਰਆਨ ਕਰੀਮ ਵਿੱਚ ਫ਼ਰਮਾਉਂਦਾ ਹੈ ਕਿ (يَاأَيُّهَا الَّذِينَ آمَنُوا اسْتَجِيبُوا لِلَّهِ وَلِلرَّسُولِ إِذَا دَعَاكُمْ لِمَا يُحْيِيكُمْ الأنفال 25) ਯਾ ਅੱਯੁਹਲੱਜ਼ੀਨਾ ਆਮਾਨੁਸ ਤਜੀਬੂ ਲਿਲੱਾਹਿ ਵਲਿਰ ਰਸੂਲਿ ਇਜ਼ਾ ਦਆਕੁਮ ਲਿਮਾ ਯੁਹਯੀਕੁਮ । (ਅਲ ਅਨਫ਼ਾਲ-24) ਕਿ ਹੇ, ਲੋਕੋ ! ਜੋ ਈਮਾਨ ਲਿਆਏ ਹੋ ਅੱਲਾਹ ਅਤੇ ਉਸ ਦੇ ਰਸੂਲ ਦੀ ਗੱਲ'ਤੇ ਲੱਬੈਕ (ਹਾਜ਼ਰ ਹਾਂ) ਕਹੋ । ਜੱਦ ਉਹ ਤੁਹਾਨੂੰ ਬੁਲਾਏ, ਤਾਂ ਜੋ ਤੁਹਾਨੂੰ ਜੀਵਤ ਕਰੇ । ਅੱਲਾਹ ਤਆਲਾ ਆਪਣੇ ਰਸੂਲਾਂ ਨੂੰ ਜੀਵਨ ਪ੍ਰਦਾਨ ਕਰਨ ਲਈ ਭੇਜਦਾ ਹੈ, ਜਿਵੇਂ ਕਿ ਕੁਰਆਨ ਕਰੀਮ ਦੇ ਸ਼ਬਦਾਂ ਰਾਹੀਂ ਵਿਦਿਤ ਹੁੰਦਾ ਹੈ ਕਿ ਇਹ ਜੀਵਨ ਆਤਮਕ ਜੀਵਨ ਹੈ ਨ ਕਿ ਜ਼ਾਹਿਰੀ ਮੌਤ ਨਾਲ ਜੀਵਨ । ਇੱਥੇ ਇਕ ਸਚੱਾਈ ਹੋਰ ਵੀ ਪ੍ਰਗਟ ਹੁੰਦੀ ਹੈ ਕਿ ਮੋਮਨ ਨੂੰ ਸਦਾ ਹੀ ਆਪਣੇ ਨਬੀ ਦੀ ਆਵਾਜ਼ ਉਪੱਰ ਲੱਬੈਕ ਕਹਿੰਦਿਆਂ ਹੋਇਆਂ ਆਪਣੇ ਸੁਧਾਰ ਦੇ ਸਾਧਨ ਕਰਦੇ ਰਹਿਣਾ ਚਾਹੀਦਾ ਹੈ । ਅੱਲਾਹ ਤਆਲਾ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਰਾਹੀਂ ਸਾਡੇ ਜੀਵਨ ਦੇ ਸਾਧਨ ਕੀਤੇ ਅਤੇ ਇਕ ਕਾਮਲ ਤੇ ਸੰਪੂਰਨ ਸ਼ਰੀਅਤ ਕੁਰਆਨ ਕਰੀਮ ਦੇ ਸਰੂਪ ਵਿੱਚ ਨਾਜ਼ਲ ਕੀਤਾ ਅਤੇ ਉਸ ਉਪੱਰ ਅਮਲ ਕਰਨ ਲਈ ਕਾਮਲ ਉਧਾਰਣ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੂੰ ਬਣਾਇਆ । ਜੋ ਜਿੰਨ੍ਹਾ ਆਪ ਜੀ ਦੇ ਨੇੜੇ ਸੀ, ਉਤਨਾ ਹੀ ਅਧਿਕ ਉਸ'ਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦਾ ਕਰਮ ਰੂਪੀ ਪ੍ਰਭਾਵ ਨਿਖੱੜ ਕੇ ਪ੍ਰਗਟ ਹੁੰਦਾ ਸੀ ਅਤੇ ਆਪ ਜੀ ਦੀਆਂ ਪਤਨੀਆਂ ਆਪ ਦੇ ਇਸ ਚੰਗੇ ਕਰਮ ਦੀ ਸਭ ਤੋਂ ਅਧਿਕ ਸਾਖੀ ਹੋ ਸਕਦੀਆਂ ਸਨ ਅਤੇ ਸਨ । ਤਾਂ ਹੀ ਜੱਦ ਪ੍ਰਸ਼ਨ ਕਰਨ ਵਾਲੇ ਨੇ ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅਨਹਾ ਨੂੰ ਪ੍ਰਸ਼ਨ ਕੀਤਾ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਅਖ਼ਲਾਕ ਕਿਹੋ ਜਿਹੇ ਸਨ ਤਾਂ ਹਜ਼ਰਤ ਆਇਸ਼ਾ ਨੇ ਫ਼ਰਮਾਇਆ (كَانَ خُلُقُهُ الْقُرآنُ) ਕਾਨਾ ਖ਼ੁਲੁਹੁਲ ਕੁਰਆਨੁ ਕਿ ਆਪ ਦਾ ਆਚਰਣ ਕੁਰਆਨ ਸੀ ਜੋ ਕੁਝ ਇਸ ਵਿੱਚ ਹੈ ਅਰਥਾਤ ਜੋ ਕੁਝ ਕੁਰਆਨ ਕਰੀਮ ਵਿੱਚ ਹੈ ਉਸ ਦਾ ਅਮਲੀ ਨਮੂਨਾ ਆਪ ਸਨ ।

ਸੋ, ਨਬੀਆਂ ਦਾ ਵਜੂਦ ਦੁਨੀਆਂ ਵਿੱਚ ਉਧਾਰਣ ਹੁੰਦਾ ਹੈ । ਇਹ ਪ੍ਰਸ਼ਨ ਹੀ ਨਹੀਂ ਪੈਦਾ ਹੁੰਦਾ ਕਿ ਉਹਨਾਂ ਦੇ ਵਜੂਦ ਜਾਂ ਉਹਨਾਂ ਦੇ ਕਿਰਦਾਰ ਤੋਂ ਕਿਸੇ ਨੂੰ ਠੋਕਰ ਲੱਗੇ । ਇੱਥੇ ਇਸ ਆਇਤ ਵਿੱਚ ਰੱਬ ਤੇ ਰਸੂਲ ਨੂੰ ਇਕੱਠਿਆਂ ਕਰਕੇ ਅੱਲਾਹ ਤਆਲਾ ਨੇ ਦੱਸਿਆ ਕਿ ਜੋ ਰੱਬ ਕਹਿੰਦਾ ਹੈ ਉਹੋ ਉਸ ਦੇ ਰਸੂਲ ਕਹਿੰਦੇ ਹਨ ਅਤੇ ਕਰਦੇ ਹਨ । ਇਸ ਲਈ ਜੇਕਰ ਰੂਹਾਨੀ ਜੀਵਨ ਚਾਹੁੰਦੇ ਹੋ ਤਾਂ ਅੱਖਾਂ ਬੰਦ ਕਰਕੇ ਰਸੂਲ ਦੇ ਪਿੱਛੇ ਚਲ ਪਓ, ਉਸ ਦੀ ਪੈਰ੍ਹਵੀ ਕਰੋ, ਉਸ ਦੀ ਆਗਿਆਕਰੀ ਉਪੱਰ ਅਮਲ ਕਰੋ ਅਤੇ ਹਜ਼ਰਤ ਮੁਹਮੱਦ ਸਲੱਾਹੁ ਅਲੈਹਿ ਵਸਲੱਮ ਬਾਰੇ ਤਾਂ ਇਹ ਵੀ ਫ਼ਰਮਾਇਆ ਕਿ ਜੇਕਰ ਤੁਸੀਂ ਰੱਬ ਦਾ ਸਨੇਹ ਚਾਹੁੰਦੇ ਹੋ ਤਾਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੀ ਪੈਰ੍ਹਵੀ ਲਾਜ਼ਮੀ ਹੈ ਅਤੇ ਰੱਬ ਦਾ ਸਨੇਹ ਹੀ ਉਹ ਅਸਥਾਨ ਹੈ ਜਿਸ ਨਾਲ ਰੂਹਾਨੀ ਜੀਵਨ ਮਿਲਦਾ

ਹੈ । ਇਸ ਲਈ ਹਕੀਕੀ ਰੂਹਾਨੀ ਜੀਵਨ ਲਈ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮੱ ਦੀ ਆਵਾ ਉਪੱਰ ਲੱਬੈਕ ਆਖਣਾ ਜ਼ਰੂਰੀ ਹੈ ਅਤੇ ਜੱਦ ਤੱਕ ਇਕ ਮੁਸਲਮਾਨ ਅਖਵਾਉਂਣ ਵਾਲਾ ਵਾਸਤਵਿਕ ਰੂਪ ਵਿੱਚ ਇਸ ਗੱਲ ਨੂੰ ਨਹੀਂ ਮਨ੍ਹਦਾ ਜੋ ਅਲੱਾਹ ਤਆਲਾ ਨੇ ਹਜ਼ਰਤ ਮੁਹਮੱਦ ਸਲਲਾਹੁ ਅਲੈਹਿ ਵਸਲੱਮ ਰਾਹੀਂ ਇਹਨਾਂ ਸ਼ਬਦਾਂ ਵਿੱਚ ਘੋਸ਼ਣਾ ਕਰਵਾਈ ਕਿ (فَاتَّبِعُونِي يُحْبِبْكُمُ اللَّهُ(آل عمران 32) ਫ਼ਤੱਾਬਿਊਨੀ ਯੁਹਬਿਬਕੁਮੁਲੱਾਹੁ, ਸੋ, ਮੇਰੀ ਪੈਰ੍ਹਵੀ ਕਰੋ ਤਾਂ ਅਲੱਾਹ ਤੁਹਾਥੋਂ ਸਨੇਹ ਕਰੇਗਾ । ਉਸ ਸਮੇਂ ਤੱਕ ਇਕ ਮੁਸਲਮਾਨ ਅਖਵਾਉਂਣ ਵਾਲਾ ਵਾਸਤਵਿਕ ਰੂਪ ਵਿੱਚ ਪੈਰ੍ਹਵੀ ਕਰਤਾ ਤੇ ਮੋਮਨ ਨਹੀਂ ਅਖਵਾ ਸਕਦਾ । ਅਤੇ ਆਪ ਦੀ ਪੈਰ੍ਹਵੀ ਲਈ ਆਪ ਦੀ ਲਿਖੀ ਹੋਈ ਆਪਣੀ ਉਧਾਰਣ ਦਾ ਵਿਸਥਾਰ ਜਿਵੇਂ ਕਿ ਹਜ਼ਰਤ ਆਇਸ਼ਾ ਨੇ ਫ਼ਰਮਾਇਆ ਕੁਰਆਨ ਕਰੀਮ ਦੀ ਅਵਸਥਾ ਵਿੱਚ ਸਾਡੇ ਕੋਲ ਮੌਜੂਦ ਹੈ । ਇਹ ਕੁਰਆਨ ਕਰੀਮ ਹੀ ਹੈ ਜੋ ਕਹਿੰਦਾ ਹੈ ਕਿਸੇ ਕੌਮ ਦੀ ਦੁਸ਼ਮਣੀ ਵੀ ਤੁਹਾਨੂੰ ਅਨਿਆਏ ਲਈ ਮਜਬੂਰ ਨ ਕਰੇ । ਇਹ ਕੁਰਆਨ ਕਰੀਮ ਹੀ ਹੈ ਜੋ ਕਹਿੰਦਾ ਹੈ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਰਹਿਮਾਤੁਲਲਿਲ ਆਲਾਮੀਨ (ਸਾਰਿਆਂ ਜਹਾਨਾਂ ਲਈ ਰਹਿਮਤ) ਹਨ ਜੋ ਬਿਨਾ ਕਿਸੇ ਵਿਸੇਸ਼ ਧਰਮ ਜਾਂ ਕੌਮ ਦੇ ਹਰ ਇਕ ਲਈ ਰਹਿਮਤ ਹਨ । ਰਹਿਮਾਨੀਯਤ ਇਸੇ ਗੱਲ ਦਾ ਤਗ਼ਾਦਾ ਕਰਦੀ ਹੈ ਕਿ ਉਹ ਬਿਨਾ ਕਿਸੇ ਵਿਸ਼ੇਸ਼ ਦੇ ਹੋਵੇ । ਭਾਵ ਇਹ ਕਿ ਜਿਵੇਂ ਜਿਵੇਂ ਕੁਰਆਨ ਕਰੀਮ ਨੂੰ ਪੜ੍ਹਦੇ ਜਾਈਏ ਉਸ ਵਿੱਚ ਹਰ ਇਕ ਪ੍ਰਕਾਰ ਦੀ ਰਹਿਨੁਮਾਈ ਤੇ ਮਾਰਗ ਦਰਸ਼ਨ ਮਿਲਦਾ ਜਾਂਦਾ ਹੈ । ਇਸ ਲਈ ਕੁਰਆਨ ਕਰੀਮ ਤਾਂ ਹਰ ਇਕ ਉਸ ਮਨੁੱਖ ਦੇ ਇਤਰਾਜ਼ਾਂ ਨੂੰ ਰੱਦ ਕਰਦਾ ਹੈ ਜੋ ਅੱਜ ਕੱਲ ਦੇ ਮੁਸਲਮਾਨਾ ਦੇ ਗ਼ਲਤ ਕਰਮ ਦੇਖ ਕੇ ਗ਼ੈਰ ਮੁਸਲਿਮ ਜਾਂ ਖੰਡਨ ਕਰਤਾ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਅਤੇ ਇਸਲਾਮ ਉਪੱਰ ਕਰਦੇ ਹਨ । ਮੈਂਥੋਂ ਜੇਕਰ ਕੋਈ ਪੁੱਛੇ, ਕਈ ਵਾਰ ਲੋਕ ਮੈਂਥੋਂ ਪ੍ਰਸ਼ਨ ਕਰਦੇ ਹਨ, ਅਹਮਦੀਆਂ ਨੂੰ ਵੀ ਪੁਛੱਦੇ ਹਨ, ਮੈਂ ਤਾਂ ਇਹੋ ਕਿਹਾ ਕਰਦਾ ਹਾਂ ਕਿ ਤੁਹਾਡੇ ਇਸ ਇਤਰਾਜ਼ ਦਾ ਉਤੱਰ ਤਾਂ ਅਲੱਾਹ ਤਆਲਾ ਅਤੇ ਉਸ ਦਾ ਰਸੂਲ ਇਸਲਾਮ ਦੇ ਅਰੰਭ ਵਿੱਚ ਹੀ ਚੌਦਾਂ ਸੌ ਸਾਲ ਪਹਿਲਾਂ ਦੇ ਚੁਕੇ ਹਨ । ਕੁਰਆਨ ਕਰੀਮ ਵਿੱਚ ਸੂਰਤ ਜੁਮੱਾ ਦੀਆਂ ਇਹਨਾਂ ਅਇਤਾਂ ਵਿੱਚ ਕਿ

(هُوَ الَّذِي بَعَثَ فِي الْأُمِّيِّينَ رَسُولًا مِنْهُمْ يَتْلُو عَلَيْهِمْ آيَاتِهِ وَيُزَكِّيهِمْ وَيُعَلِّمُهُمُ الْكِتَابَ وَالْحِكْمَةَ وَإِنْ كَانُوا مِنْ قَبْلُ لَفِي ضَلَالٍ مُبِينٍ 0 وَآخَرِينَ مِنْهُمْ لَمَّا يَلْحَقُوا بِهِمْ وَهُوَ الْعَزِيزُ الْحَكِيمُ (الجمعة 3-4)

ਹੋਵਲੱਜ਼ੀ ਬਾਅਸਾ ਫ਼ਿਲ ਉੱਮੀਯੀਨਾ ਰਸੂਲੰਮ ਮਿਨਹੁਮ ਯਤਲੂ ਅਲੈਹਿਮ ਆਯਾਤਿਹੀ ਵ ਯੁਜ਼ੱਕੀਹਿਮ
ਵ ਯੁਅੱਲਿਮੁਹੁਮੁਲ ਕਿਤਾਬਾ ਵਲ ਹਿਕਮਾਤਾ ਵ ਇਨ ਕਾਨੂ ਮਿਨ ਕਬਲੁ ਲਫ਼ੀ ਜ਼ਲਾਲਿੰਮ ਮੁਬੀਨ 0
ਵ ਆਖ਼ਿਰੀਨਾ ਮਿਨਹੁਮ ਲਮੱਾ ਯਲਹਕੂ ਬਿਹਿਮ, ਵ ਹੁਵਲ ਅਜ਼ੀਜ਼ੁਲ ਹਕੀਮ 0

ਕਿ ਉਹੋ ਹੈ ਜਿਸ ਨੇ ਉੱਮੀ (ਅਨਪੜ੍ਹ) ਲੋਕਾਂ ਵਿੱਚੋਂ, ਉਹਨਾਂ ਵਿੱਚੋਂ ਹੀ ਇਕ ਮਹਾਨ ਰਸੂਲ ਨਿਰਧਾਰਤ ਕੀਤਾ । ਉਹ ਉਹਨਾਂ'ਤੇ ਉਸ ਦੀਆਂ ਆਇਤਾਂ ਦੀ ਤਲਾਵਤ ਕਰਦਾ ਹੈ ਅਤੇ ਉਹਨਾਂ ਨੂੰ ਪਾਕ ਕਰਦਾ ਹੈ ਅਤੇ ਉਹਨਾਂ ਨੂੰ ਕਿਤਾਬ ਤੇ ਦਾਨਾਈ ਦੀ ਸਿੱਖਿਆ ਦਿੰਦਾ ਹੈ ਜੱਦ ਕਿ ਇਸ ਤੋਂ ਪਹਿਲਾਂ ਉਹ ਨਿਸੰਦੇਹ ਖੁੱਲੀ ਖੁੱਲੀ ਗੁਮਰਾਹੀ ਵਿੱਚ ਸਨ ਅਤੇ ਉਹਨਾਂ ਵਿੱਚੋਂ ਹੀ ਦੂਜਿਆਂ ਵੱਲ ਵੀ ਉਸਨੂੰ ਨਿਧਾਰਤ ਕੀਤਾ ਜੋ ਅਜੇ ਉਸ ਨੂੰ ਨਹੀਂ ਮਿਲੇ । ਉਹ ਕਾਮਲ ਗ਼ਲਬੇ ਵਾਲਾ ਤੇ ਦਾਨਾਈ ਵਾਲਾ ਹੈ ।

ਸੋ, ਇਹ ਉਹੋ ਜਹਾਲਤ ਤੇ ਗੁਮਰਾਹੀ ਹੈ ਜੋ ਇਸ ਸਮੇਂ ਦੇ ਮੁਸਲਮਾਨਾ ਦੇ ਕਰਮਾ ਤੋਂ ਪ੍ਰਗਟ ਹੋ ਰਹੀ ਹੈ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮੱ ਦੇ ਯੁੱਗ ਵਿੱਚ ਵੀ ਸੀ । ਇਸ ਨੂੰ ਦੂਰ ਕਰਨ ਲਈ ਅਤੇ ਅਸਲ ਜੀਵਨ ਬਖ਼ਸ਼ ਸੰਦੇਸ਼ ਦੇਣ ਲਈ ਅਲੱਾਹ ਤਆਲਾ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੂੰ ਭੇਜਿਆ ਸੀ ਅਤੇ ਹੁਣ ਇਹ ਜੀਵਨ ਬਖ਼ਸ਼ ਸੰਦੇਸ਼ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਲਿਆਏ ਸਨ, ਉਸ ਨੂੰ ਫੈਲਾਉਂਣ ਲਈ ਅਲੱਾਹ ਤਆਲਾ ਨੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਭੇਜਿਆ ਹੈ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਬੈਅਤ ਵਿੱਚ ਆ ਕੇ ਅਹਮਦੀਆਂ ਮੁਸਲਿਮ ਜਮਾਤ ਇਹ ਸੰਦੇਸ਼ ਪਹੁੰਚਾ ਰਹੀ ਹੈ ਅਤੇ ਇਸ ਦੀ ਜ਼ਿੰਮੇਦਾਰੀ ਹੈ ਕਿ ਇਹ ਪਹੁੰਚਾਏ । ਸੋ, ਅਸੀਂ ਦੇਖਦੇ ਹਾਂ ਕਿ ਆਪਨੇ ਇਹ ਦਾਵਾ ਕੀਤਾ ਕਿ ਮੈਂ ਜੀਵਨ ਬਖ਼ਸ਼ਣ ਆਇਆ ਹਾਂ ਅਤੇ ਆਪ ਦੇ ਮਨ੍ਹਣ ਵਾਲਿਆਂ ਨੇ ਇਹ ਜੀਵਨ ਪਾਇਆ । ਸੋ, ਇਹ ਇਤਰਾਜ਼ ਕਿ ਕੀ ਇਹ ਰਸੂਲ ਹੈ ਜੋ ਜੀਵਨ ਬਖ਼ਸ਼ਣ ਵਾਲਾ ਹੈ ਇਹ ਖ਼ਤਮ ਹੋ ਜਾਂਦਾ ਹੈ । ਕਿਉਂਕਿ ਆਪ ਨੇ ਅਤੇ ਅਲੱਾਹ ਨੇ ਪਹਿਲਾਂ ਹੀ ਫ਼ਰਮਾ ਦਿੱਤਾ ਸੀ ਕਿ ਇਹ ਹਾਲਾਤ ਹੋਣਗੇ । ਇਹ ਸੰਦੇਸ਼ ਤਾਂ ਜੀਵਨ ਬਖ਼ਸ਼ ਹੈ ਅਤੇ ਰਹੇਗਾ । ਇਹ ਰਸੂਲ ਤਾਂ ਜੀਵਨ ਬਖ਼ਸ਼ ਹੈ ਅਤੇ ਸਦਾ

ਪਰਲੈ ਤੱਕ ਰਹੇਗਾ ਪਰ ਉਸ'ਤੇ ਅਮਲ ਕਰਨ ਵਾਲੇ, ਉਸ ਦੀ ਪੈਰ੍ਹਵੀ ਕਰਨ ਵਾਲੇ ਨਹੀਂ ਰਹਿਣਗੇ ਅਜਿਹੀ ਅਵਸਥਾ ਵਿੱਚ ਫਿਰ ਅਲੱਾਹ ਤਆਲਾ ਆਪ ਦੀ ਕਾਮਲ ਪੈਰ੍ਹਵੀ ਵਿੱਚ ਮਸੀਹ ਮਊਦ ਨੂੰ ਭੇਜੇਗਾ ।

ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਇਕ ਥਾਂ ਫ਼ਰਮਾਉਂਦੇ ਹਨ ਕਿ (وَآخَرِينَ مِنْهُمْ لَمَّا يَلْحَقُوا بِهِمْ (الجمعة 4) ਵ ਆਖ਼ਿਰੀਨਾ ਮਿਨਹੁਮ ਲੰਮਾ ਯਲਹਕੂ ਬਿਹਿਮ । ਇਸ ਆਇਤ ਦੇ ਇਹ ਅਰਥ ਹਨ ਕਿ ਕਾਮਲ ਗੁਮਰਾਹੀ ਮਗਰੋਂ ਸੁਮਾਰਗ ਤੇ ਦਾਨਾਈ ਪਾਉਣ ਵਾਲੇ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਚਮਤਕਾਰਾਂ ਅਤੇ ਬਰਕਤਾਂ ਨੂੰ ਪਾਉਣ ਵਾਲੇ ਕੇਵਲ ਦੋ ਹੀ ਗਿਰੋਹ ਹੋਣਗੇ ਪਹਿਲੇ ਉਹ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਸਹਾਬਾ ਹਨ ਜੋ ਆਪ ਜੀ ਦੇ ਪ੍ਰਗਟ ਹੋਣ ਤੋਂ ਪਹਿਲਾਂ ਅੰਧਕਾਰ ਵਿੱਚ ਗ੍ਰਿਸੇ ਹੋਏ ਸਨ ਅਤੇ ਫਿਰ ਰੱਬ ਦੀ ਅਪਾਰ ਮਿਹਰ ਨਾਲ ਉਹਨਾਂ ਨੇ ਨਬੀ ਕਰੀਮ ਦਾ ਯੁੱਗ ਪਾਇਆ ਅਤੇ ਚਮਤਕਾਰਾਂ ਨੂੰ ਆਪਣੀਆਂ ਅੱਖਾਂ ਨਾਲ ਦੇਖਿਆ, ਭਵਿੱਖਬਾਣੀਆਂ ਦਾ ਅਵਲੋਕਣ ਕੀਤਾ ਅਤੇ ਵਿਸ਼ਵਾਸ ਨੇ ਓਹਨਾਂ ਵਿੱਚ ਅਜਿਹਾ ਪਵਿਰਤਨ ਕਰ ਦਿੱਤਾ ਕਿ ਸੰਭਵਤਾ ਇਕ ਆਤਮਾ ਰਹਿ ਗਏ । ਦੂਜੇ ਉਹ ਲੋਕ (ਗਿਰੋਹ) ਹਨ ਜੋ ਉਪਰੋਕਤ ਆਇਤ ਅਨੁਸਾਰ ਸਹਾਬਾ ਵਾਂਗ ਮਸੀਹ ਮਊਦ ਨੂੰ ਮਨ੍ਹਣ ਵਾਲੇ ਲੋਕ ਹਨ । ਕਿਉਂਕਿ ਇਹ ਲੋਕ ਵੀ ਸਹਾਬਾ ਵਾਂਗ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਚਮਤਕਾਰ ਦੇਖਣ ਵਾਲੇ ਅਤੇ ਅੰਧਕਾਰ ਤੇ ਗੁਮਰਾਹੀ ਤੋਂ ਬਾਦ ਸੁਮਾਰਗ ਪਾਉਣ ਵਾਲਾ ਹੈ । ਅਤੇ ਆਇਤ ਆਖ਼ਿਰੀਨਾ ਮਿਨਹੁਮ ਵਿੱਚ ਜੋ ਇਹਨਾਂ ਲੋਕਾਂ ਨੂੰ ਮਿਨਹੁਮ ਦੀ ਦੋਲਤ ਨਾਲ ਨਿਵਾਜਿਆ ਗਿਆ ਹੈ ਅਰਥਾਤ ਸਹਾਬਾ ਸਮਾਨ ਹੋਣ ਦੀ ਨੇਮਤ ਵਿੱਚੋਂ ਹਿਸੱਾ ਦਿਤਾ ਗਿਆ ਹੈ ਇਹ ਉਸੇ ਗੱਲ ਵੱਲ ਸੰਕੇਤ ਹੈ । ਅਰਥਾਤ ਜਿਵੇਂ ਕਿ ਸਹਾਬਾ ਰਜ਼ੀ ਅਲੱਾਹ ਅਨਹੁਮ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਚਮਤਕਾਰ ਦੇਖੇ ਅਤੇ ਭਵਿੱਖਬਾਣੀਆਂ ਦਾ ਅਵਲੋਕਣ ਕੀਤਾ ਅਜਿਹਾ ਹੀ ਉਹ ਵੀ ਅਵਲੋਕਣ ਕਰਨਗੇ ਅਤੇ ਵਿਚਾਰਲੇ ਯੁੱਗ ਨੂੰ ਇਸ ਨੇਮਤ ਦਾ ਪੂਰਨ ਰੂਪ ਵਿੱਚ ਹਿਸੱਾ ਨਹੀਂ ਹੋਵੇਗਾ । ਹੁਣ ਅਜਿਹਾ ਹੀ ਹੋਇਆ ਕਿ ਤੇਰ੍ਹਾਂ ਸੌ ਸਾਲ ਬਾਦ ਫਿਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਚਮਤਾਕਾਰਾਂ ਦਾ ਦਰ ਖੁੱਲ ਗਿਆ ਅਤੇ ਲੋਕਾਂ ਨੇ ਆਪਣੀਆਂ ਅੱਖਾਂ ਨਾਲ ਅਵਲੋਕਣ ਕੀਤਾ ।

ਫਿਰ ਆਪ ਫ਼ਰਮਾਉਂਦੇ ਹਨ : ਤਾਊਨ (ਪਲੇਗ) ਦਾ ਫੈਲਨਾ ਅਤੇ ਹੱਜ ਤੋਂ ਰੋਕੇ ਜਾਣਾ ਵੀ ਸਾਰਿਆਂ ਨੇ ਆਪਣੇ ਨੇਤਰਾਂ ਰਾਹੀਂ ਆਪ ਅਵਲੋਕਨ ਕਰ ਲਿਆ । ਦੇਸ਼ ਵਿੱਚ ਰੇਲ ਗੱਡੀ ਦਾ ਤਿਆਰ ਹੋਣਾ; ਊਠਾਂ (ਡਾਰੀਆਂ) ਦਾ ਬੇਕਾਰ ਹੋਣਾ ਆਦਿ ਇਹ ਸਾਰੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਕੌਤੁਕ (ਸ਼ੋਬਦੇ) ਸਨ ਜੋ ਇਸ ਯੁੱਗ ਵਿੱਚ ਉਸੇ ਪ੍ਰਕਾਰ ਦੇਖੇ ਗਏ ਜਿਵੇਂ ਕਿ ਸਹਾਬਾ ਰਜ਼ੀ ਅਲੱਾਹ ਅਨਹੁਮ ਨੇ ਚਮਤਕਾਰ ਦੇਖੇ ਸਨ । ਇਸੇ ਕਰਕੇ ਉਸ ਜਲਾਲ ਵਾਲੇ ਅਲੱਾਹ ਨੇ ਇਸ ਆਖ਼ਰੀ ਗਿਰੋਹ ਨੂੰ ਮਿਨਹੁਮ ਦੇ ਸ਼ਬਦਾਂ ਨਾਲ ਪੁਕਾਰਿਆ ਤਾਂ ਜੁ ਇਹ ਸੰਕੇਤ ਕਰੇ ਕਿ ਨਿਰਧਾਰਤ ਸ਼ੋਬਦਿਆਂ ਵਿੱਚ ਉਹ ਵੀ ਸਹਾਬਾ ਦੇ ਰੂਪ ਵਿੱਚ ਹੀ ਹਨ । ਵਿਚਾਰ ਕਰਕੇ ਦੇਖੋ ਤੇਰ੍ਹਾਂ ਸੌ ਸਾਲਾਂ ਵਿੱਚ ਅਜਿਹਾ ਜ਼ਮਾਨਾ ਮਿਨਹਾਜਿ ਨਬੁਵੱਤ ਦਾ ਹੋਰ ਕਿਸ ਨੇ ਪਾਇਆ । ਇਸ ਯੁੱਗ ਵਿੱਚ ਜਿਸ ਵਿੱਚ ਸਾਡੀ ਜਮਾਤ ਪੈਦਾ ਕੀਤੀ ਗਈ ਹੈ ਕਈ ਕਾਰਣਾ ਕਰਕੇ ਇਸ ਜਮਾਤ ਨੂੰ ਸਹਾਬਾ ਰਜ਼ੀ ਅਲੱਾਹ ਅਨਹੁਮ ਨਾਲ ਮੇਲ ਹੈ । ਉਹ ਚਮਤਕਾਰਾਂ ਤੇ ਕੌਤੁਕਾਂ ਨੂੰ ਦੇਖਦੇ ਹਨ ਜਿਵੇਂ ਕਿ ਸਹਾਬਾ ਨੇ ਦੇਖਿਆ । ਉਹ ਰੱਬ ਦੇ ਨਿਸ਼ਾਨ ਅਤੇ ਤਾਜ਼ਾ ਬਤਾਜ਼ਾ ਰੱਬੀ ਸਹਾਇਤਾ ਦੇ ਨੂਰ ਤੇ ਆਸਥਾ ਪਾਉਂਦੇ ਹਨ ਜਿਵੇਂ ਕਿ ਸਹਾਬਾ ਨੇ ਪਾਇਆ । ਉਹ ਰੱਬ ਦੇ ਮਾਰਗ ਵਿੱਚ ਲੋਕਾਂ ਦੇ ਠੱਠੇ, ਹਾਸੇ, ਤਾਹਨੇ, ਮਿਹਣੇ ਅਤੇ ਵੱਖ ਵੱਖ ਪ੍ਰਕਾਰ ਦੇ ਦਿਲ ਦੁਖਾਊ ਕਸ਼ਟ, ਕੁਬੋਲਾਂ ਤੇ ਨਿਰਦੈਤਾ ਦੇ ਦੁੱਖ ਝੱਲ ਰਹੇ ਹਨ ਜਿਵੇਂ ਕਿ ਸਹਾਬਾ ਨੇ ਝੱਲੇ । ਉਹ ਰੱਬ ਦੇ ਖੁੱਲੇ ਖੁੱਲੇ ਤੇ ਸਪਸ਼ਟ ਚਮਤਕਾਰ ਤੇ ਆਕਾਸ਼ੀ ਸਹਾਇਤਾ ਤੇ ਦਾਨਾਈ ਦੀ ਉਰਤਮ ਸਿੱਖਿਆ ਰਾਹੀਂ ਪਾਕ ਜੀਵਨ ਪ੍ਰਾਪਤ ਕਰਦੇ ਜਾਂਦੇ ਹਨ ਜਿਵੇਂ ਕਿ ਸਹਾਬਾ ਰਜ਼ੀ ਅਲੱਾਹ ਅਨਹੁਮ ਨੇ ਪ੍ਰਾਪਤ ਕੀਤੇ । ਅਨੇਕਾਂ ਹੀ ਉਹਨਾਂ ਵਿੱਚੋਂ ਅਜਿਹੇ ਹਨ ਜੋ ਨਮਾਜ਼ਾਂ ਵਿਚੱ ਰੋਂਦੇ ਅਤੇ ਆਪਣੇ ਸਜੱਦੇਗਾਹਾਂ ਨੂੰ ਹੰਝੂਆਂ ਨਾਲ ਤਰ (ਭੇਂਵਦੇ) ਕਰਦੇ ਹਨ ਜਿਵੇਂ ਕਿ ਸਹਾਬਾ ਰਜ਼ੀ ਅਲੱਾਹ ਅਨਹੁਮ ਰੋਂਦੇ ਸਨ ।

ਇਸ ਲਈ ਆਪ ਦਾ ਇਹ ਦਾਵਾ ਕਿ ਮੈਂ ਦੁਨੀਆ ਨੂੰ ਜੀਵਨ ਬਖ਼ਸ਼ਣ ਆਇਆ ਹਾਂ ਵੱਡੇ ਮਾਣ ਨਾਲ ਪੂਰਾ ਹੋਇਆ ਅਤੇ ਹੋ ਰਿਹਾ ਹੈ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੀ ਪੈਰ੍ਹਵੀ ਵਿੱਚ ਅਲੱਾਹ ਤਆਲਾ ਆਪ ਰਾਹੀਂ ਵੀ ਦੁਨੀਆ ਨੂੰ ਜੀਵਨ ਬਖ਼ਸ਼ ਰਿਹਾ ਹੈ । ਹੁਣ ਰੱਬ ਦੇ ਕਲਾਮ ਨੂੰ ਸਮਝਣਾ ਆਪ ਰਾਹੀਂ ਹੀ ਸੰਭਵ ਹੈ ਇਸ ਤੋਂ ਬਿਨਾਂ ਅਸੰਭਵ । ਕੁਰਆਨ ਕਰੀਮ

ਦੇ ਦਿਵ ਗਿਆਨ ਤੇ ਸਚੱਾਈਆਂ ਦਸੱਣਾ ਆਪ ਹੀ ਦਾ ਕਾਰਜ ਹੈ । ਲੋਕਾਂ ਨੂੰ ਰੂਹਾਨੀ ਜੀਵਨ ਹੁਣ ਆਪ ਰਾਹੀਂ ਹੀ ਮਿਲ ਰਿਹਾ ਹੈ ਅਤੇ ਮਿਲ ਸਕਦਾ ਹੈ । ਚੋਦਾਂ ਸੌ ਸਾਲ ਬਾਦ ਹਜ਼ਰਤ ਮੁਹਮੱਦ ਸਲਲਾਹੁ ਅਲੈਹਿ ਵਸਲੱਮ ਦੀ ਕਾਮਲ ਪੈਰ੍ਹਵੀ ਅਤੇ ਪ੍ਰੇਮ ਵਿੱਚ ਫ਼ਨਾ ਹੋਕੇ ਕਾਮਲ ਕਰਮ ਰੂਪੀ ਨਮੂਨਾ ਆਪ ਨੇ ਹੀ ਪੇਸ਼ ਕੀਤਾ । ਸੋ, ਇਹ ਕਰਮ ਰੂਪੀ ਅਤੇ ਅਖ਼ਲਾਕੀ (ਆਚਰਣਕ) ਜੀਵਨ ਬਖ਼ਸ਼ਣ ਦਾ ਸੋਮਾ ਅੱਜ ਵੀ ਜਾਰੀ ਹੈ । ਸੋ, ਇਸਲਾਮ ਦੀ ਸਿੱਖਿਆ ਵਿੱਚ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਨਮੂਨੇ ਵਿੱਚ ਕੋਈ ਕਮੀ ਨਹੀਂ ਸਗੋਂ ਇਕ ਕਾਮਲ ਤੇ ਸੰਪੂਰਨ ਨਮੂਨਾ ਤੇ ਸਿੱਖਿਆ ਹੈ । ਜੇਕਰ ਖਰਾਬੀ ਹੈ ਤਾਂ ਉਹਨਾਂ ਮੌਲਵੀਆਂ ਤੇ ਲੋਕਾਂ ਵਿੱਚ ਹੈ ਜੋ ਉਹਨਾਂ ਦਾ ਗ਼ਲਤ ਮਾਰਗ ਦਰਸ਼ਨ ਕਰਦੇ ਹਨ ਅਤੇ ਜੋ ਗ਼ਲਤ ਤਰੀਕੇ ਨਾਲ ਉਹਨਾਂ ਦੇ ਪਿੱਛੇ ਚਲਦੇ ਹਨ । ਜੇਕਰ ਇਹ ਗੱਲ ਨ ਹੋਵੇ ਕਿ ਨਬੀ ਜੀਵਨ ਬਖ਼ਸ਼ਦੇ ਹਨ, ਜਿਸ ਦਾ ਸਾਰਿਆਂ ਨਬੀਆਂ ਨੇ ਦਾਵਾ ਕੀਤਾ ਤਾਂ ਰੱਬ ਦੇ ਵਜੂਦ ਉਪੱਰੋਂ ਵੀ ਵਿਸ਼ਵਾਸ ਉਠ ਜਾਵੇ । ਉਹ ਮੁਰਦਾ ਧਰਮ ਜੋ ਕੇਵਲ ਦਾਵਾ ਕਰਦੇ ਹਨ ਅਤੇ ਹੁਣ ਉਹਨਾਂ ਵਿੱਚ ਜੀਵਨ ਬਖ਼ਸ਼ਣ ਵਾਲੀ ਕੋਈ ਗੱਲ ਨਹੀਂ ਰਹੀ । ਉਹਨਾਂ ਧਰਮਾ ਨੂੰ ਲੋਕ ਇਸੇ ਲਈ ਛੱਡ ਰਹੇ ਹਨ । ਉਹਨਾਂ ਧਰਮਾ ਨਾਲ ਰਸਮੀ ਸੰਬੰਧ ਤਾਂ ਹੈ ਪਰ ਵਿਸ਼ਵਾਸ ਦੀ ਹਾਲਤ ਨਹੀਂ । ਮੁਸਲਮਾਨਾਂ ਉਪੱਰ ਰੱਬ ਦਾ ਇਹ ਵਡੱਾ ਉਪਕਾਰ ਹੈ ਕਿ ਉਸ ਨੇ ਇਸ ਯੁੱਗ ਵਿੱਚ ਵੀ ਆਪਣਾ ਰਸੂਲ ਭੇਜ ਕੇ ਆਪਣੀ ਸਿੱਖਿਆ ਨੂੰ ਤਾਜ਼ਾ ਕਰਕੇ ਸਾਡੇ ਸਾਹਮਣੇ ਪੇਸ਼ ਕੀਤਾ ਤਾਂ ਜੋ ਅਸੀਂ ਰੂਹਾਨੀ ਜੀਵਨ ਨੂੰ ਪ੍ਰਾਪਤ ਕਰਦੇ ਜਾਈਏ । ਇਕ ਚੀਜ਼ ਏਥੇ ਇਹ ਵੀ ਚੇਤੇ ਰੱਖਣੀ ਚਾਹੀਦੀ ਹੈ ਕਿ ਰੱਬ ਦੇ ਭੇਜੇ ਹੋਏ ਨੂੰ ਮਨ੍ਹਣ ਵਾਲੇ ਜੀਵਨ ਪਾਉਂਣ ਵਾਲੇ ਅਤੇ ਜੀਵਨ ਦੇਣ ਵਾਲਿਆਂ ਨੂੰ ਕੁਰਬਾਨੀਆਂ ਵੀ ਕਰਨੀਆਂ ਪੈਂਦੀਆਂ ਹਨ । ਰੱਬ ਦੇ ਭੇਜੇ ਹੋਏ ਨਾਲ ਸ਼ਾਮਲ ਹੋਣ ਵਾਲੇ ਹਰ ਪ੍ਰਕਾਰ ਦੀ ਕੁਰਬਾਨੀ ਲਈ ਤਿਆਰ ਹੋ ਜਾਂਦੇ ਹਨ, ਕਿਉਂਕਿ ਉਹ ਜਾਣਦੇ ਹਨ ਕਿ ਉਹਨਾਂ ਦੀਆਂ ਕੁਰਬਾਨੀਆਂ ਅਜਾਈਂ ਨਹੀਂ ਜਾਣਗੀਆਂ । ਉਹਨਾਂ ਨੂੰ ਕੁਰਬਾਨੀ ਦੀ ਮਹਤੱਤਾ ਦਾ ਪਤਾ ਹੁੰਦਾ ਹੈ । ਇਸ ਲਈ ਉਹ ਕਈ ਵਾਰ ਆਪਣੇ ਇਸ ਪ੍ਰਤਖ ਜੀਵਨ ਨੂੰ ਰੂਹਾਨੀ ਜੀਵਨ ਲਈ ਕੁਰਬਾਨ ਕਰ ਦਿੰਦੇ ਹਨ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਸਮੇਂ ਵਿੱਚ ਵੀ ਅਜਿਹੇ ਸਨ ਜਿੰਨ੍ਹਾ ਨੇ ਆਪਣੇ ਪਰਿਵਾਰ, ਸਾਕ ਸੰਬੰਧੀ, ਕਾਰੋਬਾਰ ਅਤੇ ਇੱਥੋਂ ਤੱਕ ਕਿ ਆਪਣੀ ਜਾਨ ਦੀ ਵੀ ਕੁਰਬਾਨੀ ਦਿੱਤੀ । ਮਨ੍ਹਣ ਵਾਲਿਆਂ ਨੂੰ ਆਪਣੇ ਜਜ਼ਬਿਆਂ ਦੀ; ਰਿਸ਼ਤੇ ਨਾਤਿਆਂ ਦੀ ਅਤੇ ਧੰਨ ਮਾਲ ਆਦਿ ਦੀ ਤਾਂ ਅਧਿਕਤਰ ਕੁਰਬਾਨੀ ਦੇਣੀ ਪੈਂਦੀ ਹੈ ਪਰ ਜਾਨ ਦੀ ਕੁਰਬਾਨੀ ਦੇਣ ਵਾਲੇ ਵੀ ਹੁੰਦੇ ਹਨ । ਸੋ, ਅਜਿਹੇ ਸਨ ਜਿਨ੍ਹਾ ਨੇ ਇਹ ਸਭ ਕੁਝ ਕੁਰਬਾਨ ਕੀਤਾ । ਪਰ ਆਪਣੇ ਰੂਹਾਨੀ ਜੀਵਨ ਉਪੱਰ ਮੌਤ ਨਹੀਂ ਆਉਂਣ ਦਿੱਤੀ । ਅੱਜ ਵੀ ਸੈਂਕੜੇ ਸਗੋਂ ਹਜ਼ਾਰਾਂ ਹੀ ਅਜਿਹੇ ਹਨ ਜੋ ਕੁਰਬਾਨੀਆਂ ਦਿੰਦੇ ਹਨ । ਭਾਵਨਾਵਾਂ ਦੀਆਂ ਕੁਰਬਾਨੀਆਂ ਹਨ, ਧੰਨ ਮਾਲ ਦੀ ਕੁਰਬਾਨੀ ਹੈ, ਸਾਕਾਂ ਸੰਬੰਧਾਂ ਦੀ ਕੁਰਬਾਨੀ ਹੈ । ਇਹ ਸਭ ਕੁਰਬਾਨੀਆਂ ਖ਼ੁਸ਼ੀ ਨਾਲ ਦੇ ਰਹੇ ਹਨ ਅਤੇ ਕਈ ਥਾਵਾਂ'ਤੇ ਜਾਨ ਦੀ ਕੁਰਬਾਨੀਆਂ ਵੀ ਦੇ ਰਹੇ ਹਨ । ਕਈ ਅਜਿਹੇ ਹਨ ਜੋ ਅਹਮਦੀਅਤ ਕੁਬੂਲ ਕਰਦੇ ਹਨ ਇਸਲਾਮ ਦੇ ਹਕੀਕੀ ਜੀਵਨ ਬਖ਼ਸ਼ ਸੰਦੇਸ਼ ਨੂੰ ਕੁਬੂਲ ਕਰਦੇ ਹਨ, ਨਾਲ ਹੀ ਉਹਨਾਂ ਲਈ ਔਕੁੜਾਂ ਤੇ ਮੁਸੀਬਤਾਂ ਦਾ ਦੌਰ ਅਰੰਭ ਹੋ ਜਾਂਦਾ ਹੈ ਪਰ ਉਹ ਇਸ ਦੀ ਪਰਵਾਹ ਨਹੀਂ ਕਰਦੇ । ਰੂਹਾਨੀ ਜੀਵਨ ਨੂੰ ਇਸ ਜੀਵਨ ਉਪੱਰ ਪਹਿਲ ਦਿੰਦੇ ਹਨ ।

ਇਕ ਸਾਹਬ ਹਸਾਮੁੱਦੀਨ ਸਾਹਬ ਸਨ, ਅਰਬ ਹਨ । ਉਹਨਾਂ ਨੇ ਇਕ ਵਾਰ ਇਕ ਸੰਦੇਸ਼ ਛੱਡਿਆ ਕਿ ਕੁਝ ਸਮਾਂ ਪਹਿਲਾਂ ਮੈਂ ਬੈਅਤ ਕੀਤੀ ਸੀ ਅਤੇ ਹੁਣ ਬਹੁਤ ਔਖੇ ਹਾਲਾਤ ਦਾ ਸਾਹਮਣਾ ਹੈ । ਮੌਲਵੀਆਂ ਦੇ ਆਖਣ'ਤੇ ਮੇਰੀ ਪਤਨੀ ਅਲਅਜ਼ਹਰ ਤੋਂ ਮੇਰੀ ਤਕਫ਼ੀਰ ਦਾ ਫ਼ਤਵਾ ਵੀ ਲੈ ਆਈ ਅਤੇ ਅਸੀਂ ਵੱਖਰੇ ਹੋ ਗਏ । ਇਸ ਦੇ ਬਾਦ ਕਹਿੰਦੇ ਹਨ ਕਿ ਘਰ ਵਾਲਿਆਂ ਨੇ ਮੇਰੇ ਉਪੱਰ ਬਹੁਤ ਪ੍ਰੈਸ਼ਰ ਪਾਇਆ ਕਿ ਜਮਾਤ ਨੂੰ ਛੱਡ ਦਿਆਂ ਪਰ ਮੈਂ ਕਿਸੇ ਦੀ ਪਰਵਾਹ ਨਹੀਂ ਕੀਤੀ । ਉਸ ਪਤਨੀ ਰਾਹੀਂ ਮੇਰੇ ਚਾਰ ਬੱਚੇ ਵੀ ਹਨ ਪਰ ਸਭ ਕੁਝ ਛਡੱਣ ਦੇ ਬਾਦ ਵੀ ਮੈਂ ਅਲੱਾਹ ਤਆਲਾ ਦੀ ਅਪਾਰ ਮਿਹਰ ਨਾਲ ਈਮਾਨ ਉਪੱਰ ਅਟਲ ਹਾਂ । ਬੈਅਤ ਦੇ ਬਾਦ ਮੈਂਨੂੰ ਅਜਨਬੀ ਹੋਣ ਦੀ ਹਕੀਕੀਤ ਪਤਾ ਲੱਗੀ ਅਤੇ ਹਜ਼ਰਤ ਮੁਹਮੱਦ ਸਲਲਾਹੁ ਅਲੈਹਿ ਵਸਲੱਮ ਦਾ ਫ਼ਰਮਾਨ ਸਮਝ ਵਿੱਚ ਆਇਆ ਕਿ ਇਸਲਾਮ ਅਜਨਬੀ ਹੋਣ ਦੀ ਹਾਲਤ ਵਿੱਚ ਸ਼ੁਰੂ ਹੋਇਆ ਅਤੇ ਅੰਤਕਾਰ ਫਿਰ ਅਜਨਬੀ ਅਜਨਬੀ ਹੋ ਜਾਵੇਗਾ, ਸੋ, ਅਜਨਬੀਆਂ ਨੂੰ ਮੁਬਾਰਕ ਹੋਵੇ ।

ਇਸੇ ਪ੍ਰਕਾਰ ਤਨਜ਼ਾਨੀਆਂ ਦੇ ਸਾਡੇ ਅਮੀਰ ਸਾਹਬ ਲਿਖਦੇ ਹਨ, ਓਥੇ ਇਕ ਪ੍ਰਚਾਰਕ ਪ੍ਰੋਗ੍ਰਾਮ ਦਾ ਮੌਕਾ ਮਿਲਿਆ । ਕਈ ਥਾਵਾਂ ਤੋਂ ਨਵੀਆਂ ਬੈਅਤਾਂ ਆਈਆਂ । ਉਹਨਾਂ ਵਿੱਚ ਇਕ ਪਿੰਡ ਹੈ ਸੋਂਗਾ ਮਿਲੇ । ਓਥੇ ਗ਼ੈਰ ਅਹਮਦੀਆਂ ਦੀ ਮਸਜਿਦ ਵੀ ਹੈ ।

ਇਸ ਮਸਜਿਦ ਵਿੱਚ ਨਮਾਜ਼ ਪੜ੍ਹਨ ਵਾਲਿਆਂ ਵਿੱਚੋਂ ਲਗਭਗ ਨੱਬੇ ਪ੍ਰਤੀਸ਼ਤ ਮੁਸਲਮਾਨਾਂ ਨੇ ਜਮਾਤ ਅਹਮਦੀਆ ਵਿੱਚ ਸ਼ਮੂਲੀਯਤ ਕਰ ਲਈ । ਇਸ ਤੋਂ ਬਾਦ ਤਨਜ਼ਾਨੀਆ ਵਿੱਚ ਗ਼ੈਰ ਅਹਮਦੀਆਂ ਦੀ ਮੁਸਲਮਾਨਾਂ ਦੀ ਇਕ ਤਨਜ਼ੀਮ ਬਕਵਾਟਾ ਨੇ ਕਰੜੀ ਵਿਰੋਧਤਾ ਅਰੰਭ ਕਰ ਦਿੱਤੀ । ਪਹਿਲਾਂ ਉਹਨਾਂ ਨੇ ਅਹਮਦੀਆਂ ਨੂੰ ਡਰਾਇਆ ਧਮਕਾਇਆ ਅਤੇ ਵੱਖ ਵੱਖ ਆਰੋਪ ਅਹਮਦੀਆਂ ਉਪੱਰ ਲਾਉਂਦੇ ਰਹੇ ਕਿ ਅਹਮਦੀ ਸਾਡੀ ਮਸਜਿਦ ਨੂੰ ਅੱਗ ਲਾਉਂਣ ਆਏ ਹਨ । ਇਸ ਲਈ ਆਪਣੀ ਮਸਜਿਦ ਵੱਖਰੀ ਬਣਾ ਰਹੇ ਹਨ । ਅਵਿਵਸਥਾ ਪੈਦਾ ਕਰ ਰਾਹੇ ਹਨ । ਸਾਡਾ ਅਮਨ ਤੇ ਸ਼ਾਂਤੀ ਭ੍ਰਸ਼ਟ ਕਰ ਦਿੱਤੀ ਹੈ । ਜੋ ਗੱਲਾਂ ਇਹ ਆਪ ਕਰਦੇ ਹਨ ਉਹ ਸਾਰੀਆਂ ਅਹਮਦੀਆਂ ਉਪੱਰ ਮੜ੍ਹਦੇ ਗਏ । ਪਰ ਅੱਲਾਹ ਤਆਲਾ ਨੇ ਮਿਹਰ ਕੀਤੀ ਅਤੇ ਇਹ ਸਾਰੇ ਲੋਕ ਆਪਣੇ ਈਮਾਨ ਉਪੱਰ ਅਟਲ ਹਨ ਅਤੇ ਕਿਸੇ ਪ੍ਰਕਾਰ ਦੀ ਕੋਈ ਪਰਵਾਹ ਨਹੀਂ ਕੀਤੀ । ਬਹੁਤ ਔਕੁੜਾਂ ਵਿੱਚੋਂ ਇਹ ਲੰਘ ਰਹੇ ਹਨ ।

ਹੁਣ ਇਕ ਹੋਰ ਤੀਜੀ ਉਧਾਰਣ ਦਿੰਦਾ ਹਾਂ ਪਹਿਲਾਂ ਈਸਟ ਅਫ਼ਰੀਕਾ ਸੀ ਹੁਣ ਵੈਸਟ ਅਫ਼ਰੀਕਾ ਹੈ ਬੁਰਕੀਨਾ ਫ਼ਾਸੋ, ਇਹ ਫ਼੍ਰੈਂਚ ਖੇਤਰ ਹੈ, ਇੱਥੇ ਵੀ ਗੰਜ਼ਾਰਗੋ ਇਕ ਥਾਂ ਹੈ, ਪਿਛਲੇ ਸਾਲ ਦੀ ਗੱਲ ਹੈ ਪੰਜ ਸੌ ਬੈਅਤਾਂ ਹੋਈਆਂ । ਜਿਸ ਵਿੱਚ ਪਿੰਡ ਦੇ ਚੀਫ਼ ਅਤੇ ਇਮਾਮ ਵੀ ਬੈਅਤ ਵਿੱਚ ਸ਼ਾਮਲ ਹੋ ਗਏ । ਅੰਤ ਹੋਰਨਾ ਖੇਤਰਾਂ ਦੇ ਉਹਨਾਂ ਦੇ ਸਾਕ ਸੰਬੰਧੀ ਜੋ ਸਨ ਉਹਨਾਂ ਨੇ ਵਿਰੋਧਤਾ ਅਰੰਭ ਦਿੱਤੀ । ਸੋਸ਼ਲ ਬਾਈਕਾਟ ਹੋ ਗਿਆ । ਸਲਾਮ ਕਰਨਾ, ਮੇਲ ਜੋਲ, ਲੈਣ ਦੇਣ ਇਹ ਸਭ ਕੁਝ ਖ਼ਤਮ ਕਰ ਦਿੱਤਾ । ਇਕ ਛੋਟੀ ਜਿਹੀ ਥਾਂ ਸੀ ਇਸ ਖੇਤਰ ਵਿੱਚ ਜਾਂ ਕਸਬੇ ਜਾਂ ਪਿੰਡ ਵਿੱਚ ਜਿੱਥੇ ਇਹ ਲੋਕ ਨਮਾਜ਼ ਪੜ੍ਹਿਆ ਕਰਦੇ ਸਨ, ਓਥੇ ਨਮਾਜ਼ ਪੜ੍ਹਨ'ਤੇ ਪਾਬੰਦੀ ਲਾ ਦਿੱਤੀ ਅਤੇ ਵਿਰੋਧਤਾ ਵੱਧਦੀ ਗਈ ਪਰ ਇਹ ਕੁਝ ਹੁੰਦਿਆਂ ਹੋਇਆਂ ਵੀ ਰੱਬ ਦੀ ਅਪਾਰ ਮਿਹਰ ਨਾਲ ਹੁਣ ਇਹ ਦੂਰ ਦੁਰਾਡੇ ਖੇਤਰਾਂ ਵਿੱਚ ਰਹਿਣ ਵਾਲੇ ਲੋਕ ਜੋ ਅਨਪੜ੍ਹ ਅਖਵਾਉਂਦੇ ਹਨ, ਉਹਨਾਂ ਨੇ ਕਿਸੇ ਵਿਰੋਧਤਾ ਦੀ ਕੋਈ ਪਰਵਾਹ ਨਹੀਂ ਕੀਤੀ ਅਤੇ ਆਪਣੇ ਈਮਾਨ ਨੂੰ ਸਦਾ ਸਲਾਮਤ ਰੱਖਿਆ ਅਤੇ ਅਟਲ ਰਹੇ । ਅੱਲਾਹ ਤਆਲਾ ਨੇ ਹੁਣ ਹਾਲਾਤ ਚੰਗੇ ਕਰ ਦਿੱਤੇ ਹਨ । ਜੱਦ ਤੱਕ ਅੱਲਾਹ ਤਆਲਾ ਦੀ ਸਹਾਇਤਾ ਨਾਲ ਨ ਹੋਵੇ ਅਤੇ ਸਹਾਇਤਾ ਹੀ ਹੈ ਜੋ ਕੁਰਬਾਨੀ ਲਈ ਤਿਆਰ ਕਰਦੀ ਹੈ ਅਤੇ ਸਿਥਰਤਾ ਪ੍ਰਦਾਨ ਕਰਦੀ ਹੈ । ਸੋ, ਸਦੈਵੀ ਰੂਹਾਨੀ ਜੀਵਨ ਲਈ ਤਾਂ ਕੁਰਬਾਨੀਆਂ ਨਾਲ ਨਾਲ ਚਲਦੀਆਂ ਹਨ । ਪਰ ਅੱਲਾਹ ਤਆਲਾ ਕਈ ਵਾਰ ਹਰ ਕੁਰਬਾਨੀ ਲਈ ਤਿਆਰ ਰਹਿਣ ਵਾਲਿਆਂ ਨੂੰ ਬਿਨਾ ਕੁਰਬਾਨੀ ਦੇ ਹੀ ਐਨ੍ਹਾ ਨਿਵਾਜ਼ ਦਿੰਦਾ ਹੈ ਕਿ ਮਨੁੱਖ ਦੰਗ ਰਹਿ ਜਾਂਦਾ ਹੈ । ਮਨੁੱਖ ਦੀ ਕੁਰਬਾਨੀ ਅਤੇ ਉਸ'ਤੇ ਪੁਰਸਕਾਰ ਦੀ ਇਕ ਉਧਾਰਣ ਅਸੀਂ ਪੇਸ਼ ਕਰਦੇ ਹਾਂ । ਅਨੇਕਾਂ ਲੋਕਾਂ ਨੇ ਸੁਣਿਆ ਹੋਵੇਗਾ ਕਿ ਈਰਾਨ ਦਾ ਇਕ ਬਾਦਸ਼ਾਹ ਸੀ । ਕਹਾਵਤ ਹੈ ਕਿ ਆਪਣੇ ਵਜ਼ੀਰ ਨਾਲ ਇਕ ਕਿਸਾਨ ਦੇ ਲਾਗਿਓਂ ਲੰਘਿਆ ਜੋ ਪੌਦੇ ਲਾ ਰਿਹਾ ਸੀ । ਉਮਰ ਦੇ ਪੱਖੋਂ ਅਜਿਹੇ ਕੰਢੇ ਉਪੱਰ ਸੀ ਜਿੱਥੇ ਇਹਨਾਂ ਪੌਦਿਆਂ ਦਾ ਉਸਨੂੰ ਕੋਈ ਲਾਭ ਨਹੀਂ ਪਹੁੰਚ ਸਕਦਾ ਸੀ । ਬਾਦਸ਼ਾਹ ਨੇ ਉਸਨੂੰ ਪੁੱਛਿਆ ਕਿ ਤੁਹਾਨੂੰ ਇਹ ਪੌਦੇ ਲਾਉਂਣ ਦਾ ਕੀ ਲਾਭ ਹੋਵੇਗਾ । ਉਸ ਨੇ ਕਿਹਾ ਪਹਿਲਿਆਂ ਨੇ ਜੋ ਬੂਟੇ ਲਾਏ ਸਨ ਜੋ ਕੁਰਬਾਨੀਆਂ ਦਿੱਤੀਆਂ ਸਨ, ਉਹਨਾਂ ਨੂੰ ਐਸੀਂ ਖਾ ਰਹੇ ਹਨ ਅਤੇ ਜੋ ਅਸੀਂ ਲਾਵਾਂਗੇ ਉਸ ਨੂੰ ਭਵਿੱਖ ਦੀਆਂ ਪੀੜ੍ਹੀਆਂ ਖਾਣਗੀਆਂ । ਬਾਦਸ਼ਾਹ ਦਾ ਇਹ ਤਰੀਕਾ ਸੀ ਕਿ ਜੱਦ ਕੋਈ ਗੱਲ ਚੰਗੀ ਲੱਗਦੀ ਤਾਂ ਖ਼ੁਸ਼ ਹੋਕੇ 'ਜ਼ਿਹ' ਕਹਿੰਦਾ ਸੀ ਜਿਸ ਦਾ ਵਜ਼ੀਰ ਲਈ ਇਹ ਸੰਕੇਤ ਸੀ ਕਿ ਇਸ ਨੂੰ ਪੁਰਸਕਾਰ ਦੇ ਦਿਓ ਕਿਸਾਨ ਦੀ ਇਹ ਗੱਲ ਸੁਣ ਕੇ ਬਾਦਸ਼ਾਹ ਖ਼ੁਸ ਹੋਕੇ ਬੋਲਿਆ 'ਜ਼ਿਹ', ਇਸ'ਤੇ ਵਜ਼ੀਰ ਨੇ ਉਸ ਨੂੰ ਮੁਦਰਾਵਾਂ ਦੀ ਇਕ ਥੈਲੀ ਦੇ ਦਿੱਤੀ । ਇਹ ਥੈਲੀ ਲੈਕੇ ਕਿਸਾਨ ਨੇ ਕਿਹਾ ਕਿ ਇਸ ਬੂਟੇ ਨੇ ਤਾਂ ਲਾਉਂਦਿਆਂ ਲਾਉਂਦਿਆਂ ਹੀ ਫਲ ਦੇ ਦਿੱਤਾ, ਹੁਣ ਗੱਲ ਕਰਨ ਦਾ ਕੀ ਲਾਭ ਇਸਨੇ ਤਾਂ ਹੁਣੇ ਹੀ ਲਾਭ ਪਹੁੰਚਾ ਦਿੱਤਾ ਹੈ । ਇਹ ਗੱਲ ਬਾਦਸ਼ਾਹ ਨੂੰ ਬਹੁਤ ਚੰਗੀ ਲੱਗੀ, ਉਸ ਨੇ ਫਿਰ ਜ਼ਿਹ ਕਹਿ ਦਿੱਤਾ । ਵਜ਼ੀਰ ਨੇ ਫਿਰ ਇਕ ਥੈਲੀ ਦੇ ਦਿੱਤੀ । ਇਸ'ਤੇ ਉਸ ਨੇ ਕਿਹਾ ਰੁੱਖ ਤਾਂ ਕਈ ਸਾਲਾਂ ਵਿੱਚ ਤਿਆਰ ਹੁੰਦਾ ਹੈ ਅਤੇ ਫਿਰ ਇਕ ਵਾਰ ਫਲ ਦਿੰਦਾ ਹੈ ਮੇਰੇ ਰੁੱਖ ਨੇ ਤਾਂ ਲਾਉਂਦਿਆਂ ਲਾਉਂਦਿਆਂ ਦੋ ਵਾਰ ਫਲ ਦੇ ਦਿੱਤਾ । ਇਸ'ਤੇ ਬਾਦਸ਼ਾਹ ਨੇ ਫਿਰ ਜ਼ਿਹ ਕਹਿ ਦਿੱਤਾ ਅਤੇ ਕਿਹਾ ਕਿ ਹੁਣ ਚੱਲੋ ਇੱਥੋਂ ਨਹੀਂ ਤਾਂ ਇਹ ਬੁੱਢਾ ਸਾਨੂੰ ਲੁੱਟ ਲਏਗਾ । ਇਹ ਤਾਂ ਦੁਨੀਆਵੀ ਬਾਦਸ਼ਾਹਾਂ ਦਾ ਹਾਲ ਹੈ ਜਿੱਥੇ ਪੁਰਸਕਾਰਾਂ ਨਾਲ ਨਿਵਾਜ਼ਦੇ ਹਨ ਓਥੇ ਖ਼ਜ਼ਾਨੇ ਖ਼ਾਲੀ ਹੋਣ ਦਾ ਵੀ ਡਰ ਲੱਗਾ ਰਹਿੰਦਾ ਹੈ ਪਰ ਸਾਡਾ ਰੱਬ ਤਾਂ ਉਹ ਪੁਰਸਕਾਰ ਦਿੰਦਾ ਹੈ ਅਤੇ ਦਿੰਦਾ ਚਲਾ ਜਾਂਦਾ ਹੈ ਜੋ ਕਦੇ ਵੀ ਮੁਕੱਣ ਵਾਲੇ ਨਹੀਂ ਹੁੰਦੇ ਅਤੇ ਰੂਹਾਨੀ ਜੀਵਨ ਦੇਣ ਦੇ ਬਾਦ ਵੀ ਸਦੈਵੀ ਜੀਵਨ ਬਖ਼ਸ਼ਦਾ ਹੈ, ਅਤੇ ਉਸ ਵਿੱਚ ਵੀ ਉਸ ਪਰਲੋਕ ਦੇ ਜੀਵਨ ਵਿੱਚ ਵੀ

ਪੁਰੁਸਕਾਰ ਦਿੰਦਾ ਚਲਾ ਜਾਂਦਾ ਹੈ ਤੇ ਵਧਾਉਂਦਾ ਚਲਾ ਜਾਂਦਾ ਹੈ । ਸੋ, ਜਿਵੇਂ ਇਸਾਈਆਂ ਨੇ ਪਹਾੜਾਂ ਦੀਆਂ ਖੋਹਾਂ ਵਿੱਚ ਲੁੱਕ ਕੇ ਆਪਣੇ ਈਮਾਨਾਂ ਨੂੰ ਸਲਾਮਤ ਰੱਖਿਆ ਆਪਣੇ ਰੂਹਾਨੀ ਜੀਵਨ ਨੂੰ ਬਚਾਉਂਣ ਲਈ ਚਟੱਾਨਾ ਦੇ ਪਿੱਛੇ ਚਲੇ ਗਏ, ਇਸ ਲਈ ਕਿ ਉਹਨਾਂ ਨੂੰ ਵਿਸ਼ਵਾਸ ਸੀ ਕਿ ਇਕ ਦਿਨ ਉਹਨਾਂ ਨੂੰ ਆਜ਼ਾਰਦੀ ਮਿਲਣੀ ਹੈ । ਇਸੇ ਪ੍ਰਕਾਰ ਅੱਜ ਮਸੀਹ ਮੁਹਮੱਦੀ ਦੇ ਗ਼ੁਲਾਮਾਂ ਨੂੰ ਉਹਨਾਂ ਤੋਂ ਕਿਤੇ ਵੱਧ ਵਿਸ਼ਵਾਸ ਹੈ ਕਿ ਸਾਡਾ ਇਹ ਗ਼ਲਬਾ ਇੰਸ਼ਾਅਲੱਾਹ ਅਵਸ਼ ਹੋਣਾ ਹੈ । ਸੋ, ਅਸੀਂ ਵੀ ਜਿੱਥੇ ਔਕੁੜਾਂ ਦਾ ਸਮਾਂ ਹੈ ਇਸ ਸਮੇਂ ਆਪਣੇ ਈਮਾਨਾਂ ਦੀ ਰੱਖਿਆ ਕਰਨੀ ਹੈ ਜੋ ਜੀਵਨ ਦਾ ਪਾਣੀ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਸਾਨੂੰ ਪਿਆਇਆ ਹੈ ਉਸ ਤੋਂ ਫ਼ੈਜ਼ ਪਾਉਂਦੇ ਚਲੇ ਜਾਣਾ ਹੈ ।

ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਆਪਣੀ ਫ਼ਤਹਿ ਅਤੇ ਗ਼ਲਬੇ ਦਾ ਕਈ ਵਾਰ ਵਰਨਣ ਕੀਤਾ ਇਕ ਥਾਂ ਆਪ ਜੀ ਫ਼ਰਮਾਉਂਦੇ ਹਨ ਕਿ ਹੇ, ਸਾਰੇ ਲੋਕੋ ! ਸੁਣ ਰੱਖੋ, ਕਿ ਇਹ ਉਸ ਦੀ ਭਵਿੱਖਬਾਣੀ ਹੈ ਜਿਸ ਨੇ ਧਰਤੀ ਤੇ ਆਕਾਸ਼ ਬਣਾਏ । ਉਹ ਆਪਣੀ ਇਸ ਜਮਾਤ ਨੂੰ ਸਾਰਿਆਂ ਦੇਸ਼ਾਂ ਵਿੱਚ ਫੈਲਾ ਦੇਵੇਗਾ (ਅਲੱਾਹ ਤਆਲਾ ਦੀ ਅਪਾਰ ਕ੍ਰਿਪਾ ਨਾਲ ਫੈਲ ਰਹੀ ਹੈ) । ਦਲੀਲਾਂ ਤੇ ਪ੍ਰਮਾਣਾ ਦੇ ਪੱਖੋਂ ਹਰ ਇਕ ਉਪੱਰ ਗ਼ਲਬਾ ਬਖ਼ਸ਼ੇਗਾ । ਉਹ ਦਿਨ ਆਉਂਦੇ ਹਨ ਸਗੋਂ ਨੇੜੇ ਹਨ ਕਿ ਦੁਨੀਆ ਵਿੱਚ ਕੇਵਲ ਇਕ ਇਹੋ ਧਰਮ ਹੋਵੇਗਾ ਜੋ ਮਾਣ ਨਾਲ ਚੇਤੇ ਕੀਤਾ ਜਾਵੇਗ । ਰੱਬ ਇਸ ਧਰਮ ਅਤੇ ਇਸ ਜਮਾਤ ਨੂੰ ਆਪਣੇ ਸੁਭਾਵ ਅਨੁਸਾਰ ਬਰਕਤ ਦੇਵੇਗਾ ਅਤੇ ਹਰ ਇਕ ਨੂੰ ਜੋ ਇਸ ਨੂੰ ਨਸ਼ਟ ਕਰ ਦੇਣ ਦਾ ਨਿਸ਼ਚਾ ਰੱਖਦਾ ਹੈ ਨਾਮੁਰਾਦ ਰੱਖੇਗਾ ਅਤੇ ਇਹ ਫ਼ਤਹਿ ਸਦਾ ਬਣੀ ਰਹੇਗੀ ਇੱਥੋਂ ਤੱਕ ਕਿ ਕਯਾਮਤ (ਪਰਲੈ) ਆ ਜਾਵੇਗੀ । ਜੇਕਰ ਹੁਣ ਮੈਂਥੋਂ ਠੱਠਾ ਕਰਦੇ ਹਨ ਤਾਂ ਇਸ ਠੱਠੇ ਦਾ ਕੀ ਹਾਣ ਕਿਉਂਕਿ ਕੋਈ ਨਬੀ ਨਹੀਂ ਜਿਸ ਨਾਲ ਠੱਠਾ ਨਹੀਂ ਕੀਤਾ ਗਿਆ । ਇਸ ਲਈ ਜ਼ਰੂਰੀ ਸੀ ਕਿ ਮਸੀਹ ਮਊਦ ਵੀ ਠੱਠਾ ਕੀਤਾ ਜਾਂਦਾ । ਜਿਵੇਂ ਕਿ ਅਲੱਾਹ ਤਆਲਾ ਫ਼ਰਮਾਉਂਦਾ ਹੈ : (يٰحَسۡرَةً عَلَى الۡعِبَادِ مَا يَاۡتِيۡهِمۡ مِّنۡ رَّسُوۡلٍ اِلَّا كَانُوۡا بِهٖ يَسۡتَهۡزِءُوۡنَ (يس 31)

ਯਾ ਹਸਰਾਤਨ ਅਲਲਇਬਾਦ, ਮਾ ਯਾਤੀਹਿਮ ਮਿੰਰ ਰਸੂਲਿਨ ਇਲੱਾ ਕਾਨੂ ਬਿਹੀ ਯਸਤਹਜ਼ਿਊਨ 0

ਸੋ, ਇਹ ਰੱਬ ਵੱਲੋਂ ਨਿਸ਼ਾਨੀ ਹੈ ਕਿ ਹਰ ਇਕ ਨਬੀ ਨਾਲ ਠੱਠਾ ਕੀਤਾ ਜਾਂਦਾ ਹੈ । ਜੇਕਰ ਅਜਿਹਾ ਮਨੁੱਖ ਜੋ ਸਾਰਿਆਂ ਲੋਕਾਂ ਦੇ ਸਾਹਮਣੇ ਆਕਾਸ਼ ਤੋਂ ਉਤਰੇ (ਜਿਵੇਂ ਕਿ ਗ਼ੈਰ ਅਹਮਦੀਆਂ ਦਾ ਦ੍ਰਿਸ਼ਟੀਕੋਣ ਹੈ) ਕਿ ਅਜਿਹਾ ਮਨੁੱਖ ਜੋ ਸਾਰਿਆਂ ਲੋਕਾਂ ਦੇ ਸਾਹਮਣੇ ਆਕਾਸ਼ ਤੋ ਉਤਰੇ (ਹਜ਼ਰਤ ਈਸਾ ਅਲੈਹਿ ਸਲਾਮ ਬਾਰੇ ਕਹਿੰਦੇ ਹਨ ਕਿ ਆਕਾਸ਼ ਤੋਂ ਉਤਰਨਾ ਹੈ) ਅਤੇ ਫ਼ਰਿਸ਼ਤੇ ਵੀ ਉਸ ਨਾਲ ਹੋਣਗੇ, ਉਸ ਨਾਲ ਕੌਣ ਠੱਠਾ ਕਰੇਗਾ । ਸੋ, ਇਸ ਦਲੀਲ ਨਾਲ ਵੀ ਸਮਝਦਾਰ ਸਮਝ ਸਕਦਾ ਹੈ ਕਿ ਮਸੀਹ ਮਊਦ ਦਾ ਆਕਾਸ਼ ਤੋਂ ਉਤਰਨਾ ਕੇਵਲ ਇਕ ਝੂਠਾ ਖ਼ਿਆਲ ਹੈ । ਚੇਤੇ ਰੱਖੋ ਕਿ ਕੋਈ ਆਕਾਸ਼ ਤੋਂ ਨਹੀਂ ਉਤਰੇਗਾ । ਸਾਡੇ ਵਿਰੋਧੀ ਜੋ ਹੁਣ ਜੀਉਂਦੇ ਮੌਜੂਦ ਹਨ ਉਹ ਸਾਰੇ ਮਰਨਗੇ ਅਤੇ ਉਹਨਾਂ ਵਿੱਚੋ ਕੋਈ ਵੀ ਈਸਾ ਬਿਨ ਮਰਯੱਮ ਨੂੰ ਆਕਾਸ਼ ਤੋਂ ਉਤਰਦਾ ਹੋਇਆ ਨਹੀਂ ਦੇਖੇਗਾ । ਫਿਰ ਉਹਨਾਂ ਦੀ ਸੰਤਾਨ ਜੋ ਬਾਕੀ ਰਹੇਗੀ ਉਹ ਵੀ ਮਰੇਗੀ ਅਤੇ ਉਹਨਾਂ ਵਿੱਚੋਂ ਵੀ ਕੋਈ ਮਨੁੱਖ ਈਸਾ ਬਿਨ ਮਰਯੱਮ ਨੂੰ ਆਕਾਸ਼ ਤਂ ਉਤਰਦਾ ਹੋਇਆ ਨਹੀਂ ਦੇਖੇਗਾ । ਫਿਰ ਸੰਤਾਨ ਦੀ ਸੰਤਾਨ ਮਰੇਗੀ ਅਤੇ ਉਹ ਵੀ ਮਰਯੱਮ ਦੇ ਪੁਤੱਰ ਨੂੰ ਆਕਾਸ਼ ਤੋਂ ਉਤਰਦਾ ਨਹੀਂ ਦੇਖੇਗੀ । ਉਸ ਸਮੇਂ ਰੱਬ ਉਹਨਾਂ ਦੇ ਮਨਾਂ ਵਿੱਚ ਘਬਰਾਹਟ ਪਾਵੇਗਾ ਕਿ ਸਲੀਬ ਦੇ ਗ਼ਲਬੇ ਦਾ ਜ਼ਮਾਨਾ ਵੀ ਲੰਘ ਗਿਆ ਅਤੇ ਦੁਨੀਆ ਦੂਜੇ ਰੂਪ ਵਿੱਚ ਆ ਗਈ ਪਰ ਮਰਯੱਮ ਦਾ ਪੁਤੱਰ ਈਸਾਂ ਹੁਣ ਤੱਕ ਆਕਾਸ਼ ਤੋਂ ਨਹੀਂ ਉਤਰਿਆ । ਤੱਦ ਸੂਝਵਾਨ ਇਕ ਵਾਰ ਵਿੱਚ ਇਸ ਅਕੀਦੇ ਤੋਂ ਅੱਕ ਜਾਣਗੇ । ਅਤੇ ਅੱਜ ਦੇ ਦਿਨ ਤੋਂ ਤੀਜੀ ਸਦੀ ਪੂਰੀ ਨਹੀਂ ਹੋਵੇਗੀ ਕਿ ਈਸਾ ਦੀ ਉਡੀਕ ਕਰਨ ਵਾਲੇ ਕੀ ਮੁਸਲਮਾਨ ਅਤੇ ਕੀ ਈਸਾਈ ਸਾਰੇ ਹੀ ਵਿਮੁੱਖ ਤੇ ਨਿਰਾਸ਼ਹੀਨ ਹੋ ਕੇ ਇਸ ਝੂਠੇ ਅਕੀਦੇ ਨੂੰ ਤਿਆਗ ਦੇਣਗੇ ਅਤੇ ਦੁਨੀਆਂ ਵਿੱਚ ਇਕ ਹੀ ਧਰਮ ਹੋਵੇਗਾ ਅਤੇ ਇਕ ਹੀ ਪੇਸ਼ਵਾ । ਮੈਂ ਤਾਂ ਕੇਵਲ ਇਕ ਬੀ ਬੀਜਣ ਆਇਆ ਸੀ, ਸੋ, ਉਹ ਮੇਰੇ ਹੱਥਾਂ ਰਾਹੀਂ ਬੀਜਿਆ ਗਿਆ ਅਤੇ ਉਹ ਹੁਣ ਵਧੇਗਾ ਫੁੱਲੇਗਾ ਅਤੇ ਕੋਈ ਨਹੀਂ ਜੋ ਉਸਨੂੰ ਰੋਕ ਸਕੇ । ਇੰਸ਼ਾਅਲੱਾਹ ।

ਸੋ, ਇਸ ਪ੍ਰਕਾਰ ਅਲੱਾਹ ਤਆਲਾ ਨਵੇਂ ਨਵੇਂ ਮਾਰਗ ਖੋਲ ਰਿਹਾ ਹੈ । ਲੋਕਾਂ ਦੇ ਮਨਾ ਵਿੱਚ ਆਪ ਪਾ ਰਿਹਾ ਹੈ ਕਿ ਉਹ ਇਸ ਬਾਰੇ ਸੋਚਣ । ਅਲੱਾਹ ਕਰੇ ਕਿ ਅਸੀਂ ਸਦਾ ਹੀ ਇਸ ਵਧੱਣ ਫੁਲੱਣ ਵਾਲੇ ਰੁੱਖ ਦਾ ਹਿਸੱਾ ਬਣੇ ਰਹਈਏ ਅਤੇ ਸਾਡੇ ਈਮਾਨ ਠੋਸ ਚਟੱਾਨ ਵਾਂਗ ਅਟਲ ਰਹਿਣ ਵਾਲੇ ਹੋਣ । ਅਤੇ ਅਸੀਂ ਆਪਣੀਆਂ ਜ਼ਿੰਮੇਦਾਰੀਆਂ ਨਿਭਾਉਂਣ ਵਾਲੇ ਬਣੇ ਰਹੀਏ । ਆਮੀਨ ।